Australian Government
Department of Health, Disability and Ageing



# ਬਿਰਧ ਦੇਖਭਾਲ ਵਿੱਚ ਰਜਿਸਟਰਡ ਸਹਾਇਕ

ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮੱਦਦ ਕਰਨ ਲਈ ਜਾਣਕਾਰੀ ਕਿ ਰਜਿਸਟਰਡ ਸਹਾਇਕ ਰੱਖਣਾ ਤੁਹਾਡੇ ਲਈ ਠੀਕ ਹੈ ਜਾਂ ਨਹੀਂ।

## ਰਜਿਸਟਰਡ ਸਹਾਇਕ ਦੀ ਭੂਮਿਕਾ

ਹਰ ਕਿਸੇ ਨੂੰ ਆਪਣੀ ਜ਼ਿੰਦਗੀ ਬਾਰੇ ਫ਼ੈਸਲੇ ਲੈਣ ਦਾ ਅਧਿਕਾਰ ਹੈ।

ਕੁੱਝ ਬਿਰਧ ਲੋਕ ਆਪਣੀ ਬਿਰਧ ਦੇਖਭਾਲ ਬਾਰੇ ਫ਼ੈਸਲੇ ਲੈਣ ਲਈ ਸਹਾਇਤਾ ਦੀ ਮੰਗ ਕਰ ਸਕਦੇ ਹਨ ਜਾਂ ਉਹਨਾਂ ਨੂੰ ਲੋੜ ਪੈ ਸਕਦੀ ਹੈ। ਜੇਕਰ ਤੁਸੀਂ ਚਾਹੋ, ਤਾਂ ਤੁਸੀਂ ਇਨ੍ਹਾਂ ਫ਼ੈਸਲਿਆਂ ਨੂੰ ਲੈਣ ਅਤੇ ਅੱਗੇ ਦੱਸਣ ਵਿੱਚ ਤੁਹਾਡੀ ਮੱਦਦ ਕਰਨ ਲਈ ਆਪਣੇ ਕਿਸੇ ਭਰੋਸੇਮੰਦ ਵਿਅਕਤੀ ਦੀ ਚੋਣ ਕਰ ਸਕਦੇ ਹੋ। ਇਨ੍ਹਾਂ ਲੋਕਾਂ ਨੂੰ 'registered supporters' [ਰਜਿਸਟਰਡ ਸਹਾਇਕ] ਕਿਹਾ ਜਾਂਦਾ ਹੈ।

ਇਹ ਰਜਿਸਟਰਡ ਸਹਾਇਕ ਦੀ ਭੂਮਿਕਾ ਨਵੇਂ Aged Care Act [ਬਿਰਧ ਦੇਖਭਾਲ ਕਾਨੂੰਨ] ਵਿੱਚ ਕੀਤੇ ਬਦਲਾਵਾਂ ਵਿੱਚੋਂ ਇੱਕ ਹੈ, ਜੋ ਫ਼ੈਸਲੇ ਲੈਣ ਦੇ ਤੁਹਾਡੇ ਅਧਿਕਾਰਾਂ ਨੂੰ ਮਜ਼ਬੂਤ ਕਰਦੀ ਹੈ ਅਤੇ ਤੁਹਾਨੂੰ ਆਪਣੇ ਜੀਵਨ ‘ਤੇ ਆਪਣਾ ਕਾਬੂ ਰੱਖਣ ਵਿੱਚ ਮੱਦਦ ਕਰਦੀ ਹੈ। ਰਜਿਸਟਰਡ ਸਹਾਇਕ ਦੀ ਭੂਮਿਕਾ ਬਾਰੇ ਹੋਰ ਜਾਣਨ ਲਈ, www.myagedcare.gov.au/registering-supporter 'ਤੇ ਜਾਓ।

## ਰਜਿਸਟਰਡ ਸਹਾਇਕ ਕੌਣ ਬਣ ਸਕਦਾ ਹੈ?

ਰਜਿਸਟਰਡ ਸਹਾਇਕ ਉਹ ਕੋਈ ਵੀ ਵਿਅਕਤੀ ਹੋ ਸਕਦਾ ਹੈ ਜਿਸ ‘ਤੇ ਤੁਸੀਂ ਭਰੋਸਾ ਕਰਦੇ ਹੋ, ਜਿਵੇਂ ਕਿ ਕੋਈ ਨਜ਼ਦੀਕੀ ਦੋਸਤ ਜਾਂ ਪਰਿਵਾਰ ਦਾ ਮੈਂਬਰ। ਤੁਹਾਡੇ ਇੱਕ ਤੋਂ ਵੱਧ ਰਜਿਸਟਰਡ ਸਹਾਇਕ ਵੀ ਹੋ ਸਕਦੇ ਹਨ।

ਹਰ ਬਿਰਧ ਵਿਅਕਤੀ ਰਜਿਸਟਰਡ ਸਹਾਇਕ ਰੱਖਣਾ ਨਹੀਂ ਚਾਹੇਗਾ ਜਾਂ ਉਸਨੂੰ ਰਜਿਸਟਰਡ ਸਹਾਇਕ ਦੀ ਲੋੜ ਨਹੀਂ ਹੋਵੇਗੀ। ਤੁਹਾਨੂੰ ਕਦੇ ਵੀ ਰਜਿਸਟਰਡ ਸਹਾਇਕ ਰੱਖਣ ਲਈ ਦਬਾਅ ਮਹਿਸੂਸ ਨਹੀਂ ਕਰਨਾ ਚਾਹੀਦਾ ਹੈ। ਤੁਹਾਡੇ ਜੀਵਨ ਵਿੱਚ ਹੋਰ ਮਹੱਤਵਪੂਰਨ ਲੋਕ ਬਿਨਾਂ ਰਜਿਸਟਰਡ ਸਹਾਇਕ ਬਣੇ ਵੀ ਤੁਹਾਡੀ ਮੱਦਦ ਕਰਦੇ ਰਹਿ ਸਕਦੇ ਹਨ।।

### ਰਜਿਸਟਰਡ ਸਹਾਇਕ ਕੀ ਕਰਦਾ ਹੈ?

ਰਜਿਸਟਰਡ ਸਹਾਇਕ ਤੁਹਾਨੂੰ ਆਪਣੀ ਬਿਰਧ ਦੇਖਭਾਲ ਬਾਰੇ ਫ਼ੈਸਲੇ ਕਰਨ ਅਤੇ ਉਹਨਾਂ ਨੂੰ ਸਪੱਸ਼ਟ ਤਰੀਕੇ ਨਾਲ ਦੱਸਣ ਵਿੱਚ ਮੱਦਦ ਕਰ ਸਕਦਾ ਹੈ। ਇਸ ਵਿੱਚ ਇਹ ਸ਼ਾਮਲ ਹੋ ਸਕਦਾ ਹੈ:

- ਤੁਹਾਡੀ ਬਿਰਧ ਦੇਖਭਾਲ ਦੇ ਰੋਜ਼ਮਰ੍ਹਾ ਸੰਬੰਧੀ ਫ਼ੈਸਲਿਆਂ ਵਿੱਚ ਮੱਦਦ ਕਰਨਾ, ਅਤੇ
- ਤੁਹਾਡੀ ਜਾਣਕਾਰੀ ਤੱਕ ਪਹੁੰਚਣ, ਉਸਨੂੰ ਸਮਝਣ ਅਤੇ My Aged Care, ਮੁਲਾਂਕਣ ਕਰਨ ਵਾਲੇ ਅਤੇ ਬਿਰਧ ਦੇਖਭਾਲ ਪ੍ਰਦਾਤਾ ਵਰਗੇ ਲੋਕਾਂ ਨਾਲ ਸਾਂਝੀ ਕਰਨ ਵਿੱਚ ਮੱਦਦ ਕਰਨਾ।

**ਰਜਿਸਟਰਡ ਸਹਾਇਕ ਰੱਖਣਾ ਤੁਹਾਨੂੰ ਜਾਣਕਾਰੀ ਲੈਣ, ਫ਼ੈਸਲੇ ਕਰਨ ਜਾਂ ਹੋਰਨਾਂ ਜਿਵੇਂ ਕਿ ਤੁਹਾਡਾ ਬਿਰਧ ਦੇਖਭਾਲ ਪ੍ਰਦਾਤਾ, My Aged Care ਅਤੇ ਮੁਲਾਂਕਣਕਰਤਾਵਾਂ ਨਾਲ ਸਿੱਧੇ ਗੱਲ ਕਰਨ ਤੋਂ ਨਹੀਂ ਰੋਕਦਾ ਹੈ। ਤੁਸੀਂ ਜਾਣਕਾਰੀ ਮੰਗਣਾ, ਲੈਣਾ, ਸਾਂਝੀ ਕਰਨਾ ਅਤੇ ਫ਼ੈਸਲੇ ਲੈਣਾ ਜਾਰੀ ਰੱਖ ਸਕਦੇ ਹੋ।**

## ਰਜਿਸਟਰਡ ਸਹਾਇਕਾਂ ਲਈ ਨਿਯਮ

ਰਜਿਸਟਰਡ ਸਹਾਇਕਾਂ ਉੱਤੇ Aged Care Act ਅਧੀਨ ਕੁੱਝ ਜ਼ਿੰਮੇਵਾਰੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਉਹਨਾਂ ਲਈ ਲਾਜ਼ਮੀ ਹੁੰਦੀ ਹੈ। ਇਹ ਜ਼ਿੰਮੇਵਾਰੀਆਂ ਤੁਹਾਡੀ ਸੁਰੱਖਿਆ, ਅਧਿਕਾਰਾਂ, ਇੱਛਾ ਅਤੇ ਪਸੰਦਾਂ ਨੂੰ ਮਜ਼ਬੂਤ ਕਰਨ ਲਈ ਬਣਾਈਆਂ ਗਈਆਂ ਹਨ।

ਰਜਿਸਟਰਡ ਸਹਾਇਕ ਹੋਣ ਨਾਲ ਕਿਸੇ ਵਿਅਕਤੀ ਨੂੰ ਤੁਹਾਡੇ ਲਈ ਫ਼ੈਸਲੇ ਕਰਨ ਦਾ ਅਧਿਕਾਰ ਨਹੀਂ ਮਿਲਦਾ ਹੈ। ਰਜਿਸਟਰਡ ਸਹਾਇਕ ਵਜੋਂ, ਉਹਨਾਂ ਨੂੰ ਤੁਹਾਡੇ ਫ਼ੈਸਲਿਆਂ ਦੀ ਇੱਜ਼ਤ ਕਰਨੀ ਪਵੇਗੀ, ਭਾਵੇਂ ਉਹਨਾਂ ਦੀ ਰਾਏ ਵੱਖਰੀ ਹੀ ਕਿਉਂ ਨਾ ਹੋਵੇ।

## ਸਹਾਇਕ ਨੂੰ ਕਿਵੇਂ ਰਜਿਸਟਰ ਕਰਨਾ ਹੈ?

ਤੁਸੀਂ ਹੇਠ ਲਿਖਿਆ ਰਾਹੀਂ ਕਿਸੇ ਭਰੋਸੇਮੰਦ ਵਿਅਕਤੀ ਨੂੰ ਆਪਣਾ ਰਜਿਸਟਰਡ ਸਹਾਇਕ ਬਣਾਉਣ ਲਈ ਕਹਿ ਸਕਦੇ ਹੋ:

- My Aged Care ਨਾਲ ਸੰਪਰਕ ਕਰਕੇ
- ਆਪਣੀ ਮੁਲਾਂਕਣ ਪ੍ਰਕਿਰਿਆ ਦੌਰਾਨ, ਜਿਸ ਵਿੱਚ ਬਿਰਧ ਦੇਖਭਾਲ ਮੁਲਾਂਕਣਕਰਤਾ ਸ਼ਾਮਲ ਹੈ
- Services Australia ਰਾਹੀਂ, ਕਿਸੇ Aged Care Specialist Officer [ਏਜਡ ਕੇਅਰ ਸਪੈਸ਼ਲਿਸਟ ਅਫ਼ਸਰ] ਨਾਲ ਨਿੱਜੀ ਰੂਪ ਵਿੱਚ ਮਿਲ ਕੇ

- ਰਜਿਸਟ੍ਰੇਸ਼ਨ ਫ਼ਾਰਮ ਭਰ ਕੇ
- ਆਪਣੇ My Aged Care ਔਨਲਾਈਨ ਖਾਤੇ ਵਿੱਚ, ਜੇਕਰ ਤੁਹਾਡੇ ਕੋਲ ਹੈ।

ਤੁਹਾਡਾ ਸੁਝਾਇਆ ਹੋਇਆ ਸਹਾਇਕ ਵੀ ਇਹ ਬੇਨਤੀ ਕਰ ਸਕਦਾ ਹੈ।

## ਸਹਾਇਕ ਨਾਲ ਸੰਬੰਧ ਖ਼ਤਮ ਕਰਨਾ

ਤੁਸੀਂ ਕਿਸੇ ਵੀ ਸਮੇਂ My Aged Care ਨਾਲ ਸੰਪਰਕ ਕਰਕੇ ਰਜਿਸਟਰਡ ਸਹਾਇਕ ਨਾਲ ਸੰਬੰਧ ਖ਼ਤਮ ਕਰਨ ਦੀ ਬੇਨਤੀ ਕਰ ਸਕਦੇ ਹੋ। ਜੇਕਰ ਤੁਹਾਨੂੰ ਆਪਣੇ ਰਜਿਸਟਰਡ ਸਹਾਇਕ ਬਾਰੇ ਕੋਈ ਚਿੰਤਾਵਾਂ ਜਾਂ ਸ਼ਿਕਾਇਤਾਂ ਹਨ ਤਾਂ ਤੁਸੀਂ My Aged Care ਨੂੰ ਵੀ ਇਸ ਬਾਰੇ ਦੱਸ ਸਕਦੇ ਹੋ।

ਵਧੇਰੇ ਜਾਣਕਾਰੀ www.myagedcare.gov.au/registering-supporter 'ਤੇ ਜਾ ਕੇ ਪੜ੍ਹੋ।

**ਨਿਯੁਕਤ ਕੀਤੇ ਹੋਏ ਫ਼ੈਸਲਾ ਲੈਣ ਵਾਲੇ**

ਕਾਮਨਵੈਲਥ, ਰਾਜ ਜਾਂ ਖੇਤਰੀ ਪ੍ਰਦੇਸ਼ ਸਰਕਾਰ ਦੇ ਪ੍ਰਬੰਧ ਅਧੀਨ:

- ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ, ਜਿਸਨੂੰ ਤੁਸੀਂ ਜਾਣਦੇ ਅਤੇ ਜਿਸ ਉੱਪਰ ਤੁਸੀਂ ਭਰੋਸਾ ਕਰਦੇ ਹੋ, ਜਾਂ ਕਿਸੇ ਖ਼ਾਸ ਸੰਸਥਾ ਨੂੰ ਆਪਣੇ ਲਈ ਫ਼ੈਸਲੇ ਕਰਨ ਦਾ ਅਧਿਕਾਰ ਦੇ ਸਕਦੇ ਹੋ।
- ਜੇਕਰ ਤੁਸੀਂ ਆਪਣੀ ਤਰਫੋਂ ਫ਼ੈਸਲੇ ਲੈਣ ਲਈ ਕਿਸੇ ਨੂੰ ਨਿਯੁਕਤ ਨਹੀਂ ਕੀਤਾ ਹੈ ਅਤੇ ਤੁਸੀਂ ਆਪਣੇ ਫ਼ੈਸਲੇ ਲੈਣ ਦੀ ਸਮਰੱਥਾ ਗੁਆ ਦਿੰਦੇ ਹੋ, ਤਾਂ ਤੁਹਾਡੇ ਲਈ ਕਿਸੇ ਹੋਰ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ।

ਆਸਟ੍ਰੇਲੀਆ ਭਰ ਵਿੱਚ ਇਹਨਾਂ ਪ੍ਰਬੰਧਾਂ ਲਈ ਵੱਖ-ਵੱਖ ਕਾਨੂੰਨ ਅਤੇ ਨਾਮ ਹਨ। My Aged Care ਵਿੱਚ, ਇਨ੍ਹਾਂ ਵਿਅਕਤੀਆਂ ਨੂੰ **appointed decision makers [ਨਿਯੁਕਤ ਕੀਤੇ ਹੋਏ ਫ਼ੈਸਲਾ ਲੈਣ ਵਾਲੇ]** ਕਿਹਾ ਜਾਂਦਾ ਹੈ। ਉਹ ਸਿਰਫ਼ ਉਸ ਚੱਲ ਰਹੇ ਕਾਨੂੰਨੀ ਅਧਿਕਾਰ ਦੇ ਅਧੀਨ ਹੀ ਤੁਹਾਡੇ ਲਈ ਫ਼ੈਸਲੇ ਕਰ ਸਕਦੇ ਹਨ, ਜੋ ਉਨ੍ਹਾਂ ਨੂੰ ਦਿੱਤਾ ਗਿਆ ਹੈ। ਇੱਕ ਨਿਯੁਕਤ ਕੀਤਾ ਫ਼ੈਸਲਾ ਲੈਣ ਵਾਲਾ ਰਜਿਸਟਰਡ ਸਹਾਇਕ ਵੀ ਹੋ ਸਕਦਾ ਹੈ। www.myagedcare.gov.au/registering-supporter/appointed-decision-makers ’ਤੇ ਜਾਓ।

ਕਿਰਪਾ ਕਰਕੇ ਧਿਆਨ ਦਿਓ ਕਿ My Aged Care ਕਿਸੇ ਨੂੰ ਤੁਹਾਡੇ ਲਈ ਫ਼ੈਸਲੇ ਲੈਣ ਦਾ ਅਧਿਕਾਰ ਨਹੀਂ ਦੇ ਸਕਦਾ ਹੈ। ਇਹ ਕਿਸੇ ਨਿਯੁਕਤ ਕੀਤੇ ਹੋਏ ਫ਼ੈਸਲਾ ਲੈਣ ਵਾਲੇ ਦੇ ਅਧਿਕਾਰਾਂ ਨੂੰ ਬਦਲ ਨਹੀਂ ਸਕਦਾ ਜਾਂ ਖ਼ਤਮ ਨਹੀਂ ਕਰ ਸਕਦਾ ਹੈ।

# ਹੋਰ ਸਹਾਇਤਾਵਾਂ

## Care Finder

Care Finders [ਕੇਅਰ ਫਾਈਂਡਰਜ਼] ਇੱਕ ਮੁਫ਼ਤ ਸੇਵਾ ਹੈ ਜੋ ਅਜਿਹੇ ਜੋਖ਼ਮ ਗ੍ਰਸਤ ਬਿਰਧ ਲੋਕਾਂ ਲਈ ਹੈ ਜਿਨ੍ਹਾਂ ਨੂੰ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚਣ ਲਈ ਵਧੀਕ ਸਹਾਇਤਾ ਦੀ ਲੋੜ ਹੁੰਦੀ ਹੈ। www.MyAgedCare.gov.au/help-care-finder 'ਤੇ ਜਾਓ।

## OPAN

ਮੁਫ਼ਤ, ਗੁਪਤ ਅਤੇ ਨਿਰਪੱਖ ਜਾਣਕਾਰੀ ਅਤੇ ਸਹਾਇਤਾ ਲਈ, ਤੁਸੀਂ Older Persons Advocacy Network (OPAN) ਦੀ Aged Care Advocacy Line [ਏਜਡ ਕੇਅਰ ਐਡਵੋਕੇਸੀ ਲਾਈਨ] ਨੂੰ1800 700 600 'ਤੇ ਫ਼ੋਨ ਕਰ ਸਕਦੇ ਹੋ ਜਾਂ www.opan.org.au 'ਤੇ ਜਾ ਸਕਦੇ ਹੋ

### ਆਸਟ੍ਰੇਲੀਆ ਦੀ ਬਿਰਧ ਦੇਖਭਾਲ ਪ੍ਰਣਾਲੀ ਵਿੱਚ ਸੁਧਾਰ

ਆਸਟ੍ਰੇਲੀਆਈ ਸਰਕਾਰ ਨੇ ਬਿਰਧ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਵੱਡੇ ਬਦਲਾਅ ਕੀਤੇ ਹਨ।

**health.gov.au/aged-care-reforms** 'ਤੇ ਜਾਓ।

ਫ਼ੋਨ **1800 200 422** (My Aged Care ਦੀ ਮੁਫ਼ਤ ਫ਼ੋਨ ਲਾਈਨ, ਸੋਮ-ਸ਼ੁੱਕਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ, ਸ਼ਨੀਵਾਰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ)

ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਲਈ, 131 450 ਨੂੰ ਫ਼ੋਨ ਕਰੋ ਅਤੇ 1800 318 209 ਉੱਤੇ ਗੱਲ ਕਰਵਾਉਣ ਲਈ ਕਹੋ।

National Relay Service ਦੀ ਵਰਤੋਂ ਕਰਨ ਲਈ, nrschat.nrscall.gov.au/nrs 'ਤੇ ਜਾਓ ਅਤੇ ਉਨ੍ਹਾਂ ਦੀ ਵੈੱਬਸਾਈਟ 'ਤੇ ਆਪਣਾ ਪਸੰਦੀਦਾ ਐਕਸੈਸ ਪੁਆਇੰਟ ਚੁਣੋ, ਜਾਂ NRS Helpdesk ਨੂੰ 1800 555 660 'ਤੇ ਫ਼ੋਨ ਕਰੋ।